ੴ ਸ੍ਰੀ ਗੁਰੂ ਸ੍ਰੀ ਚੰਦ ਦੇਵਾ ਏ ਨਮਃ

ਸ੍ਰੀ ਗੁਰੂ ਰਾਮ ਰਾਇ ਕਰਤਾ ਪੁਰਖ ਜੀ ਕਾ

ਗੁਰਮੀ ਨਾਮਾਂ

* ਗਰੰਥ ਕਰਤਾ *

ਮਹੰਤ ਬਿਸ਼ਨ ਪ੍ਰਕਾਸ਼

ਰਾਜ ਗੜ ਨਿਵਾਸੀ।

ਪ੍ਰਕਾਸ਼ਕ :—

ਕਿਸ਼ਨ ਦਾਸ, ਦੇਹਰਾਦੂਨ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

ੴ ਸ੍ਰੀ ਗੁਰੂ ਸ੍ਰੀ ਚੰਦ ਦੇਵਾ ਏ ਨਮਃ

ਅਥ ਕੁਰਸੀ ਨਾਮਾਂ

ਸ੍ਰੀ ਗੁਰੂ ਰਾਮ ਰਾਇ ਕਰਤਾ ਪੁਰਖ ਜੀ ਕਾ ਲਿਖਜਤੇ ॥

ਦੋਹਰਾ

ਪਰਮ ਪੁਰਖ ਪ੍ਰਮਾਤਮਾਂ ਰਾਮ ਰਾਇ ਗੁਰਦੇਵ ।
ਕੁਰਸੀ ਨਾਮਾਂ ਕੋ ਲਿਖੂ ਜੋ ਕੁਛ ਪਾਊ ਭੇਵ ॥
ਰਾਮ ਰਾਇ ਗੁਰ ਦੇਵ ਜੂ ਨਮੋ ਧਰਤ ਧਰ ਮਾਥ ।
ਕਰਤਾ ਹਰਤਾ ਜਗਤ ਕਾ ਧਰਤਾ ਧਰਨ ਅਕਾਸ ॥

ਦਰੱਜਾ ਛੰਦ

ਅਗਮ ਅਗੋਚਰ ਤੂੰ ਪਰਮੇਸ਼ੁਰ ਅੰਤ ਕਿਨੇ ਨਹੀਂ ਪਾਇਆ ।
ਪਹਲੇ ਕੁਦਰਤ ਕਰਤੇ ਸਾਜੀ ਰਾਮ ਰਾਇ ਗੁਰ ਆਇਆ ।
ਦਯਾ ਧਰਮ ਤੇ ਧੌਲਾ ਉਪਜਿਆ ਜਿਨ ਬ੍ਰਹਿਮੰਡ ਉਠਾਇਆ ।
ਪਰਕ੍ਰਿਤ ਪੁਰਸ਼ ਗੁਰੂ ਰਾਮ ਰਾਏ ਹੈ ਔਰ ਮਲੂ ਕੀ ਮਾਇਆ । ੩ ।

Digitized by Panjab Digital Library | www.panjabdigilib.org

ਮਾਇਆ ਕੋ ਮਹਿਤੱਤ ਹੂਆ ਤਬ ਸੂਖਮ ਭੂਤ ਉਪਾਇਆ। ਮਹਾਦੇਵ ਔਰ ਬ੍ਰਹਮਾਂ ਬਿਸ਼ਨੂ ਤ੍ਰੈ ਗੁਨ ਧੰਧੇ ਲਾਇਆ। ਰਚਤਾ ਬ੍ਰਹਮਾਂ ਬਿਸ਼ਨੂ ਪਾਲੇ ਸ਼ੰਭੂ ਜਗਤ ਖੁਪਾਇਆ। ਤੇਰੀ ਰਚਨਾਂ ਤੂਹੀ ਜਾਨੇ ਧੰਨ ਗੁਰ ਰਾਮ ਸੋ ਰਾਇਆ।

ਸ਼ੇਸ਼ ਨਾਗ ਨੂੰ ਪੈਦਾ ਕੀਤਾ ਧਰਤੀ ਕੁੰਡਲ ਪਾਇਆ। ਦਯਾ ਧਰਮ ਤੇ ਧੌਲਾ ਉਪਜਿਆ ਜਿਨ ਬ੍ਰਹਮੰਡ ਉਠਾਇਆ। ਚੰਦ ਸੂਰਜ ਦੋ ਪੈਦਾ ਕਰਕੇ ਦਿਨ ਤੇ ਰਾਤ ਬਣਾਇਆ। ਧੁੰਧੂਕਾਰ ਨਿਵਾਰਨ ਕੀਤਾ ਧੰਨ ਗੁਰੂ ਰਾਮ ਸੋ ਰਾਇਆ। ੫।

ਸੱਤ ਸਮੁੰਦਰ ਕਰਤੇ ਸਾਜੇ ਨਦੀਆਂ ਅਤੇ ਨਾਲੇ। ਭਗਤਾਂ ਕੇ ਉਧਾਰ ਕਰਨੇ ਤੀਰਥ ਸਭੀ ਬਿਨਾਲੇ। ਨਾਵਨ ਧੋਵਨ ਕਰਕੇ ਮਨ ਕੇ ਪਾਪ ਮਿਟਾ ਲੇ। ਸੰਧਯਾ ਬੰਦਨ ਔਰ ਗਾਇਤ੍ਰੀ ਨਿਸ ਦਿਨ ਪੁਰਸ਼ ਕੁਮਾ ਲੇ। ੬।

ਸਤਿਜੁਗ ਦੁਵਾਪਰ ਤ੍ਰੇਤਾ ਕਲਜੁਗ ਜਿਨ ਕੀ ਮਹਿਮਾਂ ਭਾਰੀ। ਇਕ ਛਿਨ ਨਾਮ ਲਏ ਸੋ ਉਧਰੇ ਜਿਨੇ ਹਲਿਆ ਤਾਰੀ। ਪ੍ਰਹਿਲਾਦ ਭਗਤ ਕੀ ਰਖਿਆ ਕੀਨੀ ਹਰਨਾਕਸ਼ ਕੋ ਮਾਰੇ। ਮੀਰਾਂ ਬਾਈ ਸਪਨਾਂ ਕਮਾਈ ਪਾਪੀ ਅਜਾਮਲ ਤਾਰੇ।

ਸਤਿਜੁਗ ਵਿਚ ਸਨਕਾਂਦ ਉਧਾਰੇ ਬ੍ਰਹਮਾ ਪੁਤ੍ਰ ਚਾਰੇ। ਤ੍ਰੇਤੇ

Digitized by Panjab Digital Library | www.panjabdigilib.org

ਵਿਚ ਹੋ ਰਾਮ ਚੰਦਰ ਤੇ ਦਾਨਵ ਸਭੀ ਸੰਘਾਰੇ। ਦੁਵਾਪਰ ਵਿਚ ਦੌਸੀ ਬਾਲਾ ਗੀਤਾ ਗਯਾਨ ਸੁਨਾਇਆ। ਹਾਥ ਦੇ ਪਾਂਡਵ ਤੇਂ ਪਾਲੇ ਜਾਦਵ ਕਰੂ ਖਪਾਇਆ। ੮।

ਕਲਜੁਗ ਵਿਚ ਹੋਏ ਗੁਰੂ ਰਾਮ। ਰਾਇ ਭਗਤ ਉਧਾਰਣ ਆਇਆ। ਘਰ ਕਾਲੂ ਦੇ ਪ੍ਰਗਟ ਹੋਇਆ ਨਾਨਕ ਨਾਮ ਧਰਾਇਆ। ਭਗਤ ਤੇਰੇ ਗੁਣ ਗਾਵਨ ਕਰਤੇ ਗ੍ਰਹਿ ਤੇ ਭਾਜ ਨੂੰ ਛੁਡਾਇਆ। ਰਾਮ ਨਾਮ ਦੇ ਅਖਰ ਲਿਖ ਕਰ ਸਾਗਰ ਪਥਰ ਤਰਾਇਆ। ੯।

ਗੁਰੂ ਅਨੰਦ ਨੂੰ ਮੰਜੀ ਬਖਸ਼ੀ ਭਾਈ ਬੁਢੇ ਨੂੰ ਪੀੜਾ। ਭਾਈ ਝੰਡੇ ਨੂੰ ਪੀੜੀ ਬਖਸ਼ੀ ਚਹੁੰ ਕੁੰਟਾਂ ਦਿਆ ਪੀਰਾ। ਲਖਮੀ ਦਾਸ ਨੂੰ ਧਰਤੀ ਬਖਸ਼ੀ ਅਜਮਤ ਅਜਬ ਦਿਖਾਲੀ। ਜੋ ਤੇਰੀ ਨਿੰਦਿਆ ਕੋ ਕਰਤੇ ਪਾਪੀ ਭਏ ਪਿਰਾਲੀ। ੧੦।

ਦੂਸਰੇ ਮਹਿਲ ਗੁਰੂ ਅੰਗਦ ਜੀ ਜਦ ਨੂਰੋ ਨੂਰੀ ਪਾਇਆ। ਜਾਏ ਖਡੂਰੇ ਬੈਠ ਪੰਗੂੜੇ ਡਾਢਾ ਗੁਰੂ ਕਹਾਇਆ। ਗੁਰ ਅੰਗਦ ਦੀ ਬਾਣੀ ਮਿਠੀ ਸੁਣਦੀ ਹੈ ਨਰ ਨਾਰੀ। ਚੜ ਮੰਜੀ ਗੁਰ ਅੰਗਦ ਬਹਿੰਦਾ ਸੰਗਤ ਨਿਓਂਦੀ ਸਾਰੀ। ੧੧।

Digitized by Panjab Digital Library | www.panjabdigilib.org

ਮਹਿਲ ਤੀਸਰੇ ਅਮਰ ਦਾਸ ਜੀ ਗੁਰ ਘਰ ਘਾਲਨਾਂ ਘਾਲੀ। ਮੇਹਨਤ ਕੀਤੀ ਅਮਰ ਦਾਸ ਜੀ ਕ੍ਰਿਪਾ ਭਈ ਨਿਰਾਲੀ। ਗੋਂਦਵਾਲ ਜਾ ਪੁਰੀ ਸੁਹਾਈ ਬੌਲੀ ਲਾਇ ਦਿਖਾਲੀ। ਨਾਮ ਦਾਨ ਇਸ਼ਨਾਨ ਤੀਸਰਾ ਜਾਏ ਨ ਕੋਈ ਖਾਲੀ। ੧੨।

ਚੌਥੇ ਮਹਿਲ ਗੁਰੂ ਰਾਮਦਾਸ ਜੀ ਸੋਢੀ ਸਤਿਗੁਰ ਪੂਰੇ। ਮਸਤਕ ਜਿਨ ਕੇ ਲਿਖੀ ਰੱਬ ਨੇ ਕੰਮ ਨ ਰਹੇ ਅਧੂਰੇ। ਤਬਕਾ ਜਿਨ ਕੋ ਏਕ ਰਾਮ ਕਾ ਤਿਨ ਕੋ ਕਮੀ ਨ ਕਾਈ। ਬਾਸਰ ਕੇਆਂ ਮੇਂ ਰਹੇ ਹਮੇਸ਼ਾਂ ਸੰਗਤ ਕਦਰ ਕਰਾਈ। ੧੩।

ਪੰਜਵੇਂ ਮਹਿਲ ਗੁਰ ਅਰਜਨ ਜੀ ਜਿਨ ਮੇਹਨਤ ਕੀ ਬਹੁ ਭਾਂਤੀ। ਲਿਖ ਗ੍ਰੰਥ ਸੰਗਤ ਕੋ ਦੀਨਾਂ ਨਾਮ ਜਪੋ ਦਿਨ ਰਾਤੀ। ਭਲੀ ਠੌਰ ਅੰਮ੍ਰਿਤਸਰ ਬਨਿਆਂ ਜੋ ਕੋਈ ਜਾ ਨ੍ਹਾਵੇ। ਪਾਵੇ ਜਾਇ ਪਦਾਰਥ ਚਾਰੇ ਬਿਰਥਾ ਕੋਈ ਨ ਜਾਵੇ। ੧੪।

ਛੇਵੇਂ ਮਹਿਲ ਗੁਰੂ ਹਰਿਗੋਬਿੰਦ ਜੀ ਦੇਗ ਤੇਗ ਦੇ ਪੂਰੇ। ਨੇੜਿਓਂ ਦੂਰੋਂ ਆਉਣ ਸੰਗਤਾਂ ਭੇਟਾ ਚੜ੍ਹਨ ਹਜੂਰੇ। ਬਾਦਸ਼ਾਹਿ ਘਰ ਚੁਗਲੀ ਖਵੇ ਚੜ੍ਹ ਗਈ ਫੌਜ ਕਰਾਰੀ। ਕਰਾਮਾਤ ਪ੍ਰਗਟ ਦਿਖਾਰੀ ਸੈਨਾ ਸਭੀ ਸਿੰਘਾਰੀ। ੫।

Digitized by Panjab Digital Library | www.panjabdigilib.org

ਸਤਵੇਂ ਮਹਿਲ ਬਾਬਾ ਗੁਰਦਿਤਾ ਜਿਨ ਕੇ ਬਚਨ ਕਰਾਰੇ। ਮੂਈ ਹੂਈ ਗਊ ਜੀਵਾਵੇ ਦਾਸਾਂ ਭਉਜਲ ਤਾਰੇ। ਕਈ ਕਰੋੜੀ ਨਰਕੀ ਕਢੇ ਭਵਜਲ ਪਾਰ ਉਤਾਰੇ। ਹੁਕਮ ਤੇਰਾ ਦਰਗਾਹਿ ਮੇਂ ਵਰਤੇ ਵਡੇ ਵਸੀਲੇ ਭਾਰੇ। ੧੬।

ਅਠਵੇਂ ਮਹਿਲ ਗੁਰੂ ਹਰਿ ਰਾਇ ਜੀ ਜੋਤ ਰਬ ਦੀ ਜਾਨੋਂ। ਬਾਈ ਸੈ ਘੋੜਾ ਰਹੇ ਤਬੇਲੇ ਨਿਤ ਸ਼ਿਕਾਰ ਜੋ ਖਿਲਾਨੋਂ। ਸਦਾ ਵਰਤ ਲੰਗਰ ਨਿਤ ਚਲਦਾ ਕਰ ਪ੍ਰਸ਼ਾਦ ਛਕਾਵੇ। ਜੋ ਕੋਈ ਆਵੇ ਫਲ ਪਾਵੇ ਬਿਰਥਾ ਕੋਈ ਨਾ ਜਾਵੇ। ੧੭।

ਨੌਵੇਂ ਮਹਿਲ ਗੁਰੂ ਕਰਤਾ ਹਰਤਾ ਧਰਤਾ ਧਰਨ ਅਕਾਸ਼ਾ। ਆਪੇ ਅਪਨਾ ਖੇਲ ਰਚਾਵੇ ਦੇਖੇ ਆਪ ਤਮਾਸ਼ਾ। ਗੁਰੂਆਂ ਦਾ ਸਿਰ ਰਾਮ ਰਾਇ ਜਾਮੇਂ ਬਦਲੇ ਸਾਰੇ। ਨੌ ਜਾਮਿਆਂ ਮੇਂ ਸਚੇ ਸਤਿਗੁਰ ਕਈ ਪਾਤਕੀ ਤਾਰੇ। ੧੮।

ਰਾਮ ਚੰਦਰ ਅਵਤਾਰ ਧਾਰ ਕੇ ਰਾਵਨ ਕੋ ਜਾ ਮਾਰਾ। ਭਗਤ ਭਖੀਖਨ ਕੋ ਦੇ ਲੰਕਾ ਪਰ ਸਿਰ ਛਤਰ ਝੁਲਾਰਾ। ਸੀਤਾ ਕਾ ਸਤ ਆਪ ਰਖਿਆ ਬਿਘਨ ਨਾ ਕੋਈ ਹੋਇਆ। ਸੁਗਰੀਵ ਦਾ ਘਰ ਬਸਾਕੇ ਘਰ ਬਾਲੀ ਦਾ ਖੋਇਆ। ੧੯।

Digitized by Panjab Digital Library | www.panjabdigilib.org

ਨਰ ਸਿੰਘ ਰੂਪ ਧਰਾ ਤੈਂ ਸਵਾਮੀ ਹਰਨਾਕਸ਼ ਕੋ ਮਾਰਾ। ਤਾਂਕੋ ਰਤੀ ਕਲੇਸ਼ ਨ ਹੋਇਆ ਭਗਤ ਪ੍ਰਹਿਲਾਦ ਉਬਾਰਾ। ਬਾਵਨ ਰੂਪ ਧਰਿਆ ਤੈਂ ਸਵਾਮੀ ਰਾਜਾ ਬਲ ਛਲ ਕਾਰਨ। ਬਲ ਕੋ ਜਾਇ ਪਤਾਲ ਪੁਚਾਇਆ ਇੰਦਰ ਕੀਆ ਉਬਾਰਨ। ੨੦।

ਪਰਸ ਰਾਮ ਦਾ ਗਰਬ ਤੋੜਿਆ ਚਿੱਲਾ ਧਨਖ ਝੜਾਇਆ। ਤੇਰੀ ਮਹਿਮਾਂ ਬੇਦ ਗਾਂਵਦੇ ਧੰਨ ਤੁਮਾਰੀ ਮਾਇਆ। ਕ੍ਰਿਸ਼ਨ ਰੂਪ ਕੋ ਧਰ ਕਰ ਸਵਾਮੀ ਬਾਸੁਦੇਵ ਘਰ ਆਇਆ। ਕਾਲੀ ਦੇਹ ਮੈਂ ਨਾਗ ਨਾਥਿਆ ਜੈਹਰ ਨ ਨੇੜੇ ਆਇਆ। ੨੧।

ਤੂਹੀ ਆਪਨਾ ਰੂਪ ਛਪਾਇਆ ਕੇਸੀ ਕੰਸ ਖਪਾਇਆ। ਉਗਰ ਸੈਨ ਕੋ ਰਾਜ ਦੀਆ ਤੇ ਬਾਸਦੇਵ ਮੁਕਤ ਕਰਾਇਆ। ਬੋਧ ਰੂਪ ਹੋ ਬੈਠਾ ਠਾਕੁਰ ਜਗਨ ਨਾਥ ਕੇ ਮਾਹੀ। ਤੇਰੀ ਉਪਮਾਂ ਬੇਦ ਨ ਜਾਨੇ ਨੇਤ ਨੇਤ ਗੁਨ ਗਾਈ। ੨੨।

ਦਾਰੇ ਸ਼ਹਿਜ਼ਾਦੇ ਕੋ ਤੈਂ ਗਿਆਨ ਆਤਮਾਂ ਦੀਨਾ। ਔਰੰਗ ਸ਼ਾਹ ਕਾ ਰੰਗ ਬਦਲ ਕਰ ਔਰ ਰੰਗ ਹੀ ਕੀਨਾ। ਅਠਵੇਂ ਮਹਿਲ ਸ੍ਰੀ ਹਰਿ ਰਾਇ ਕੋ ਬਾਦਸ਼ਾਹ ਬੁਲਵਾਇਆ। ਰਹੀਮ ਬਖਸ਼ ਲੇ ਚਿਠੀ ਜਾਵੇ ਸਤਿਗੁਰ ਸੀਸ ਨਿਵਾਯਾ। ੨੩।

Digitized by Panjab Digital Library | www.panjabdigilib.org

ਚਿਠੀ ਪੜੀ ਗੁਰੂ ਨੇ ਜਬ ਹੀ ਭਯਾ ਫਿਕਰ ਦਿਲ ਭਾਰੀ। ਮਸੰਦ ਮੇਵੜੇ ਸੋਢੀ ਬੇਦੀ ਕੀਏ ਇਕਤ੍ਰ ਸਾਰੀ। ਬਾਦਸ਼ਾਹ ਕਾ ਪੜ ਪਰਵਾਨਾਂ ਸਭ ਕੋ ਚਾ ਸੁਨਾਇਆ। ਦਿਲੀ ਤਰਫ ਨਾ ਕੋਈ ਜਾਵੇ ਸਭ ਕੰਨ ਹਾਥ ਟਿਕਾਇਆ। ੨੪।

ਬਾਲ ਲੀਲਾ ਕੇ ਕਰਤੇ ਸਤਿਗੁਰ ਕਰਾਮਾਤ ਕੇ ਪੂਰੇ। ਤਰਫ ਜਿਨਾਂ ਦੀ ਨਜਰ ਕਰੇਂਦੇ ਕੰਮ ਨਾ ਰਹੇ ਅਧੂਰੇ। ਕ੍ਰਿਸ਼ਨ ਕੌਰ ਕੇ ਕਹਿਨੇ ਸੇ ਗੁਰ ਤਰੀਰਾਇ ਉਠ ਖੜਦਾ। ਦੇਹਲੀ ਕੋ ਤੁਮ ਜਾਓ ਪੁਤ੍ਰ ਜੀ ਹਮਨਾ ਰਾਖੋ ਪੜਦਾ। ੨੫।

ਪਿਤਾ ਵਾਕ ਕੋ ਸੁਣ ਕਰ ਸਤਿਗੁਰ ਤੁਰਤ ਤਿਆਰੀ ਕਰਕੇ। ਮਸੰਦ ਮੇਵੜੇ ਸਾਥ ਲੀਏ ਥੇ ਸ਼ਰਧਾਲੂ ਗੁਰ ਘਰ ਕੇ। ਰਥ ਮੇਂ ਸਭ ਸਾਮਾਨ ਰਖਾਵੇ ਸੰਗਤ ਦਾਸ ਬੁਲਾਵੇ। ਗੁਰਦਾਸ ਔਰ ਭਾਈ ਬੈਹਲੋ ਸੁਣ ਸਰੋਤ ਉਠ ਧਾਵੇ। ੨੬।

ਨੌਰਾਂ ਭਗਤਾਂ ਜੀਵਨ ਠਾਂਗਰ ਜੇਠਾ ਔਰ ਤਿਲੋਕਾ। ਕੀਰਤ ਪੁਤ੍ਰ ਮੇਂ ਮਨ ਨਹੀਂ ਲਗਦਾ ਦਰਸ਼ਨ ਜਿਨਾਂ ਬਿਲੋਕਾ। ਰਥ ਮੇਂ ਸਭ ਸਾਮਾਨ ਟਿਕਾਇਆ ਆਠੋ ਸਿਦਕੀ ਸਾਥੇ। ਕ੍ਰਿਸ਼ਨ ਕੌਰ ਨੇ ਬੇਲ ਨਾ ਦੀਨੇ ਕਾਲਖ ਚੜਿਆ ਮਾਥੇ। ੨੭।

Digitized by Panjab Digital Library | www.panjabdigilib.org

ਮਾਤਾ ਕੇ ਦਿਲ ਕੀ ਗੁਰ ਜਾਨੀ ਰਥ ਬੈਲਾ ਬਿਨ ਤੋਰੇ। ਕੀਰਤ ਪੁਰ ਮੈਂ ਭਈ ਕੀਰਤੀ ਚਤਰ ਜਾਨਤੇ ਬੌਰੇ। ਕਰਾਮਾਤ ਪੁਤ ਕੀ ਦੇਖੀ ਦਿਲੇ ਤਸੱਲੀ ਹੋਈ। ਰਥ ਕੋ ਬੈਲ ਦਿਏ ਬੋਲਾ ਕਰ ਬਾਤ ਰਹੀ ਨਹੀਂ ਗੋਈ। ੨੮।

ਰਥ ਮੈਂ ਚੜ ਕਰ ਸ੍ਰੀ ਗੁਰ ਪੂਰਨ ਬੀਚ ਕੋਟਲੇ ਆਮੇ। ਜਲਦੀ ਭਠੀ ਭਈ ਸਾਂਤ ਤਬ ਜਬ ਗੁਰੂ ਆਸਨ ਲਾਮੇ। ਸੁਭਾ ਤਿਆਰੀ ਕਰਕੇ ਸਤਿਗੁਰ ਬੀਚ ਦੌਨ ਕੇ ਆਯਾ। ਜੂਤੇ ਸਿਰ ਮੈਂ ਚਾਰ ਲਗਾਏ ਮੁਰਦਾ ਪੁਰਸ਼ ਜਵਾਯਾ। ੨੯।

ਸੁਭਾ ਤਿਆਰੀ ਕਰਕੇ ਸਤਿ ਗੁਰ ਜੰਗਲ ਡੇਰਾ ਲਾਵੇ। ਭੂਤ ਪਿਸਾਚ ਪ੍ਰੇਤਾਂ ਤਾਈਂ ਮੁਕਤੀ ਦਾਨ ਦਿਵਾਵੇ। ਤਹਾਂ ਤਲਾਬ ਲਗਾਇਆ ਸਤਿਗੁਰ ਜੀਂਦ ਰਾਜ ਮੈਂ ਭਾਰੀ। ਕਤਕ ਮੈਂ ਏਹ ਮੇਲਾ ਲਗਦਾ ਜਾਨਤ ਹੈ ਨਰ ਨਾਰੀ। ੩੦।

ਚੰਦ੍ਰਾਵਲ ਸ਼ਹਿਰ ਮੈਂ ਸਤਿਗੁਰ ਪੂਰਨ ਆਸਨ ਅਪਨਾ ਲਾਯਾ। ਸੁਨ ਸਰੋਤ ਸੰਗਤ ਉਠ ਧਾਈ ਮਨਹਿ ਮਨੋਰਥ ਸੁਨ ਪਾਵੇ। ਸੁਭਾ ਤਿਆਰੀ ਪਿਆਰੀ ਸੰਗਤ ਸਾਥ ਜਾਂਵਦੀ ਸਾਰੀ। ਜਾਏ ਵੜੇ ਦਿਲੀ ਕੇ ਭੀਤਰ ਖਲਕਤ ਝੁਕ ਗਈ ਸਾਰੀ। ੩੧।

Digitized by Panjab Digital Library | www.panjabdigilib.org

ਨੇੜਿਓਂ ਦੂਰੋਂ ਔਣ ਸੰਗਤਾਂ ਸੋਭਾ ਸਤਿਗੁਰ ਸੁਣ ਕੇ। ਭਾਜੀ ਔਰ ਪਰੌਂਠੇ ਪੂਰੀ ਔਰ ਉਡਾਵਣ ਕੁਨਕੇ। ਮਜਨੂ ਕੇ ਟਿਲੇ ਮੇਂ ਗੁਰ ਜੀ ਜਾਇ ਸੰਘਾਸਨ ਲਾਇਆ। ਮਸੰਦ ਮੇਵੜੇ ਦੌੜ ਗਏ ਥੇ ਮਨ ਮੇਂ ਦਹਿਸ਼ਤ ਆਇਆ। ੩੨।

ਸੁਣੀ ਕਹਾਣੀ ਬਾਦਸ਼ਾਹ ਨੇ ਆਪ ਨਹੀਂ ਗੁਰ ਆਇਆ। ਆਪਣੀ ਇਵਜ਼ੀ ਆਪਨਾ ਜੇਠਾ ਪੁਤ੍ਰ ਚਾਇ ਪਠਾਇਆ। ਕਰਾਮਾਤ ਦਾ ਧਨੀ ਸੁਣੀਦਾ ਜੋ ਕੋਈ ਆ ਜਾਵੇ। ਸੀਸ ਝੁਕਾਵੇ ਦਰਸ਼ਨ ਪਾਵੇ ਮਨਹਿ ਮਨੋਰਥ ਪਾਵੇ। ੩੩।

ਬਾਦਸ਼ਾਹਿ ਦੀ ਬੇਗਮ ਨੇ ਇਹ ਸੁਣੀ ਹਕੀਕਤ ਸਾਰੀ। ਅਟਕ ਰੋਗ ਮੇਂ ਅਟਕੀ ਪਿਆਰੀ ਬਡੀ ਮੁਸੀਬਤ ਭਾਰੀ। ਪੀਰ ਫਕੀਰ ਹਕੀਮ ਸਿਆਨੇ ਸਭ ਨੇ ਜ਼ੋਰ ਲਗਾਇਆ। ਬੇਗਮ ਨੇਜਬ ਗੁਰੂ ਅਰਾਧੇ ਤੁਰਤ ਬਾਲਕਾ ਜਾਇਆ। ੩੪।

ਬਾਦਸ਼ਾਹਿ ਸੂਲਾਂ ਕਾ ਜੁਤਾਂ ਜ਼ੈਹਰ ਬਨ ਦਾਰ ਬਣਾਇਆ। ਹੁਕਮਨ ਸ੍ਰੀ ਗੁਰੂ ਰਾਮ ਰਾਇ ਕੇ ਪੈਰਾਂ ਦੇ ਵਿਚ ਪਾਇਆ। ਜ਼ੈਹਰ ਕ਼ੈਹਰ ਨਾ ਕਰਦੀ ਗੁਰ ਸੇ ਭਈ ਸੁਭਾਵਕ ਮਿਠੀ। ਕਰਾਮਾਤ ਕਰਤਾ ਪੁਰਖ ਤ ਡਿਠੀ ੩੫।

Digitized by Panjab Digital Library | www.panjabdigilib.org

ਦੂਤੀ ਰੋਜ ਜਬ ਸੂਰਜ ਚੜਿਆ ਸਜਿਆ ਦੀਵਾਨ ਮਹਾਨ। ਜੈਹਰ ਦਾਰ ਇਕ ਰਚੀ ਪੁਸ਼ਾਕੀ ਮਿਲ ਕਰ ਸਭੀ ਸਤਾਨ। ਸੋ ਪੁਸ਼ਾਕ ਗੁਰ ਗਲ ਮੇਂ ਡਾਲੀ ਅੰਮ੍ਰਿਤ ਹੋ ਗਈ ਸਾਰੀ। ਬਾਦਸ਼ਾਹ ਪਛਤਾਵੇ ਦਿਲ ਮੇਂ ਹੈਰਤ ਆ ਗਈ ਭਾਰੀ। ੩੬।

ਮੁਲਾਂ ਕਾਜੀ ਮਤ ਕੇ ਪਾਜੀ ਖੇਲਨ ਗੁਰ ਸੇ ਦਾਓ। ਜੈਹਰ ਦਾਰ ਬੀੜਾ ਪਾਨਾਂ ਦਾ ਬਾਦਸ਼ਾਹ ਮੰਗਾਵਾਓ। ਪਨਵਾੜੀ ਸੀ ਸੇਵਕ ਗੁਰ ਕਾ ਬੀੜਾ ਤੁਰਤ ਲਕੋਵੇ। ਜੈਹਰਦਾਰ ਬੀੜਾ ਮੁਖ ਪਾਇਆ ਜੈਹਰ ਅਸਰ ਨਹੀਂ ਹੋਵੇ। ੩੭।

ਜੁਮੇਰਾਤ ਕੀ ਰਾਤ ਅਨੋਖੀ ਮਕੇ ਔਰੰਗ ਜਾਵੇ! ਪਾਣੀ ਪੀਵੇ ਆਬੇ ਜ਼ਮ ਜ਼ਮ ਮਥਾ ਜਾਏ ਘਸਾਵੇ। ਬਾਦਸ਼ਾਹ ਨੇ ਸੁਬਾਹ ਹੋਵਤੇ ਸ੍ਰੀ ਗੁਰੂ ਜਾ ਬੁਲਾਇਆ। ਬੇਰ ਮਕੇ ਕੀ ਬੇਰੀ ਗੁਰ ਖੀਸੇ ਪਾਏ ਲਿਆਇਆ। ੩੮।

ਰਾਤ ਹਕੀਕਤ ਦਸੋ ਗੁਰੂ ਜੀ ਕਹਾਂ ਮੈਂ ਸਾਰੀ। ਤੂੰ ਪਰਤੀਤ ਆਵੇ ਦਿਲ ਮੇਰੇ ਕੀ ਜਾਏ ਖਮਾਰੀ। ਬੇਰ ਮਕੇ ਦੀ ਬੇਰੀ ਦੇ ਗੁਰ ਖੀਸਿਓਂ ਕਢ ਕਢ ਦੇਂਦਾ। ਕਰਾਮਾਤ ਇਹ ਪਿਤਾ ਪਿਤਾਮਾਂ ਭਾਂਡਾ ਦੇ ਬੇਜਾ ਬਿੰਦਾ। ੩੯।

Digitized by Panjab Digital Library | www.panjabdigilib.org

ਜਾਰਤ ਮਕੇ ਦੀ ਕੋ ਔਰੰਗ ਜੁਮੇ ਰਾਤ ਕੋ ਜਾਵੇ। ਜਿਧਰ ਦੇਖੇ ਉਧਰ ਗੁਰ ਜੀ ਦੂਜਾ ਨਹੀਂ ਦਿਖਾਵੇ। ਮਕੇ ਔਰ ਮਦੀਨੇ ਦੇ ਵਿਚ ਮੂਰਤ ਗੁਰ ਦੀ ਦੇਖੀ। ਹੋਏ ਨਿਤਾਣਾ ਕਦਮੀ ਡਿਗਿਆ ਦਿਲ ਦੀ ਉਡ ਗਈ ਸ਼ੇਖੀ। ੪੦।

ਅਜ ਸ਼ਿਕਾਰ ਚਲੋ ਗੁਰ ਮੇਰੇ ਬਾਦਸ਼ਾਹਿ ਫੁਰਮਾਵੇ। ਕਰੀ ਤਿਆਰੀ ਦੇਰ ਨ ਕਰਤੇ ਬੀਚ ਉਜਾੜੀ ਜਾਵੇ। ਬਾਰਾ ਕੋਸ ਉਜਾੜਾਂ ਦੇ ਵਿਚ ਪਾਣੀ ਹਾਥ ਨ ਆਵੇ। ਇਕ ਜੀਭਾ ਕੇ ਕਾਰਨ ਔਰੰਗ ਜਿੰਦ ਆਫਤ ਵਿਚ ਪਾਵੇ।

ਭੁਖ ਪਿਆਸ ਲਗੀ ਦਿਲ ਡਾਢੀ ਕਛੂ ਉਪਾਵ ਨ ਹੁੰਦਾ। ਪਾਣੀ ਦੀ ਇਕ ਬੂੰਦ ਨ ਲਭੇ ਜਾਨ ਆ ਗਈ ਕੁਦਾ। ਹਾਥ ਜੋੜ ਅਰਦਾਸ ਕਰੇਂਦਾ ਸ੍ਰੀ ਗੁਰ ਪੂਰੇ ਆਗੇ। ਐਸ਼ ਆਰਾਮ ਕਾਮ ਕਿਆ ਓਥੇ ਪ੍ਰਾਨ ਨਿਕਲਨੇ ਲਗੇ। ੪੨।

ਮਾਨ ਬੇਨਤੀ ਸਤਿਗੁਰ ਸਾਚੇ ਉਪਰ ਹਾਥ ਉਠਾਇਆ। ਪਾਣੀ ਕਾ ਭਰ ਗੜਵਾ ਇੰਦਰ ਗੁਰ ਕੇ ਹਾਥ ਫੜਾਇਆ। ਪਾਣੀ ਪੀ ਕਰ ਬਾਦਸ਼ਾਹ ਦੇ ਦਿਲ ਕੋ ਹੂਆ ਤਸੱਲਾ। ਨਬੀਆਂ ਦਾ ਤੂੰ ਨਬੀ ਗੁਰੂ ਜੀ ਮੇਰੇ ਭਾ ਦਾ ਅੱਲਾ। ੪੩।

ਸੈਨਾ ਸਭ ਹੀ ਮਰੇ ਪਿਆਸੀ ਖਚਰ ਘੋੜੇ ਹਾਥੀ। ਆਫਤ

Digitized by Panjab Digital Library | www.panjabdigilib.org

ਦੇ ਵਿਚ ਆਈਆ ਜਾਨਾਂ ਬਣੇ ਨਾ ਕੋਈ ਸਾਥੀ। ਸ੍ਰੀ ਗੁਰੂ ਦੁਖੀ ਦੇਖ ਕਰ ਸਭ ਨੂੰ ਨੇਜਾ ਤੁਰਤ ਮੰਗਾਇਆ। ਜਿਮੀ ਗਡਾਇਆ ਚਸ਼ਮਾ ਲਾਇਆ ਪਾਣੀ ਸਭੇ ਪਿਲਾਇਆ। ੪੪।

ਪਾਣੀ ਸਾਰਾ ਲਸ਼ਕਰ ਪੀਂਦਾ ਉਸਤਤ ਗੁਰ ਕੀ ਗੌਂਦਾ। ਖੇਲ ਸ਼ਿਕਾਰ ਬਾਦਸ਼ਾਹ ਗੁਰ ਜੀ ਤਰਫ ਦਿਲੀ ਦੀ ਔਂਦਾ। ਕਾਜ਼ੀ ਮੁਲਾਂ ਕੀ ਮਤ ਬੌਰੀ ਸਰਾਮ ਮਝਬ ਕੇ ਕੈਦੀ। ਸ਼ਾਹੀ ਦਿਲ ਮੇਂ ਸਾਥੀ ਫਿਰ ਗਈ ਦਿਲ ਤੇ ਗਈ ਸਫੈਦੀ। ੪੫।

ਬਾਦਸ਼ਾਹ ਸੰਗ ਕਰਿਆ ਮਸ਼ਵਰਾ ਖੂਹੇ ਦਾਖ਼ਰ ਤਾਨੇ। ਸ੍ਰੀ ਗੁਰ ਆਵੇ ਤਹਿ ਬਠਾਵੇ ਆਸਨ ਤਾਹਿ ਬਛਾਨੇਂ। ਸ੍ਰੀ ਗੁਰ ਸਭ ਕੇ ਦਿਲ ਕੀ ਜਾਨੇ ਪੀਨਸ ਤੁਰਤ ਮੰਗਾਵੇ। ਹੋ ਅਸਵਾਰ ਸਭਾ ਮੇਂ ਜਾਵੇ ਔਰੰਗ ਸੀਸ ਨਿਵਾਵੇ। ੪੬।

ਸ੍ਰੀ ਗੁਰ ਸਾਚੇ ਪੀਨਸ ਤਿਆਗੀ ਖੂਹੇ ਆਸਨ ਲਾਇਆ। ਏਕ ਫੂਲ ਸੇ ਹਲਕਾ ਲੋਰੋ ਆਪਣਾ ਵਜਨ ਬਣਾਇਆ। ਮੁਲਾਂ ਕਾਜ਼ੀ ਮਤ ਕੇ ਪਾਜ਼ੀ ਬਾਜ਼ੀ ਹਾਰੀ ਸਾਰੀ। ਬਾਦਸ਼ਾਹ ਕਾਜ਼ੀ ਸੰਗ ਲੜਦਾ ਮਤੀ ਗਈ ਕੀ ਮਾਰੀ। ੪੭।

ਕਾਜ਼ੀ ਖੁਦਾ ਬਖਸ਼ ਉਠ ਬੋਲਾ ਸੁਣੋਂ ਸਿਰਾਂ ਕੇ ਵਾਲੀ। ਕਰਾਮਾਤ ਜੋ ਪੀਛੇ ਦੀਨੇ ਏਹ ਆਜ਼ ਮਤ ਤੇ ਖਾਲੀ। ਮਰੇ

Digitized by Panjab Digital Library | www.panjabdigilib.org

ਜਵਾਵੇ ਬਿਨਾਂ ਰਬ ਦੇ ਦੂਸਰ ਕੋ ਨਾ ਪਛਾਨੋ। ਜੇਕਰ ਮੁਰਦਾ ਜੀਵ ਜਵਾਵੇ ਗੁਰ ਅਲਾ ਹੀ ਜਾਨੋ। ੪੮।

ਰਸਤ ਭੇਜ ਦੀ ਬਾਦਸ਼ਾਹ ਨੇ ਸਾਥ ਬਕਰਾ ਦੀਨਾ। ਕਾਜੀ ਖੁਦਾ ਬਖਸ਼ ਨੇ ਬਕਰਾ ਜਿਬਾ ਹਾਥ ਸੇ ਕੀਨਾ। ਗੁਰ ਸਿਖਾਂ ਕੋ ਹੁਕਮ ਕਰੇਂਦਾ ਹਡੀ ਖਲੜੀ ਚਾਖੋ। ਦਿਨ ਤੀਸਰਾ ਜਬ ਬੀਤਾ ਜਾਏਗਾ ਮਜਾ ਮਾਸ ਕਾ ਚਾਖੋ। ੪੯।

ਗਏ ਬਤੀਤ ਤੀਨ ਦਿਨ ਜਬ ਕੋ ਬਕਰਾ ਔਰੰਗ ਮਾਂਗੇ। ਗੁਰੂ ਮੰਗਵਾਵੇ ਬੀਚ ਸਭਾ ਕੋ ਬਾਦਸ਼ਾਹਿ ਨਹੀਂ ਸੰਗੇ। ਵੋਹ ਬਕਰਾ ਜੋ ਤੁਮ ਕੋ ਦੀਨਾਂ ਬਾਲਕ ਦਾ ਸੀ ਖਿਡਾਉਨਾ। ਰੋਵੇ ਪੀਟੇ ਜਿਦ ਕਰੇਂਦਾ ਮੁਸ਼ਕਲ ਹੁਆ ਬਿਰਾਉਨਾ। ੫੦।

ਚੌਥੀ ਟੰਗਾੜੀ ਕਾਜ਼ੀ ਕੋ ਦੇਈ ਗੁਰ ਅੰਤਰ ਕੇ ਜਾਮੀ। ਸਭਾ ਬੀਚ ਸ਼ਰਮਿੰਦਾ ਹੋਊ ਖਟੂ ਚਾ ਬਦਨਾਮੀ। ਮਾਸ ਚਖੇਂਦਾ ਦਿਲ ਖੁਸ਼ ਹੁੰਦਾ ਗੁਰੂ ਭੀ ਰਿਸਵਤ ਦੇਂਦੇ। ਬਨੇ ਨ ਕਾਰਜ ਕਦੀ ਕਿਸੀ ਕਾ ਮਿਲੇ ਜਬੀ ਕਰੇਂਦੇ। ੫੧।

ਗੁਰ ਅੰਤ੍ਰ ਕੀ ਜਾਨਨ ਵਾਲੇ ਬੋਲੇ ਮੁਖ ਮੁਸਕਾਇ। ਪੀਰ ਪਕੰਬਰ ਜੋਗੀ ਜੰਗਮ ਸਿੱਧ ਅਵਤਾਰ ਕਹਾਇ। ਏਕ

Digitized by Panjab Digital Library | www.panjabdigilib.org

ਪਲਕ ਦੀ ਖਬਰ ਨ ਕਾਈ ਬੁਤੋ ਖਾਕ ਬਨਾਏ। ਮਰਨ ਜੀਵਾਵਨ ਹਾਥ ਰਾਮ ਦੇ ਮੁਰ ਦੇ ਮੁਰਦੇ ਨਹੀਂ ਜੀਵਾਏ। ੫੨

ਔਰੰਗ ਗੁਰ ਕੀ ਬਾਣੀ ਕੋ ਸੁਨ ਕਛੂ ਚਮਕ ਹੋਈ। ਤੁਮਰੇ ਦਾਦੇ ਕੀ ਗਊ ਜੀਵਤੀ ਹੋਈ। ਜੁਗ ਪਲਟਿਆ ਪਿਆ ਸਮੁੰਦਰ ਫਕਰ ਕਾ ਘਰ ਭਾਰੀ। ਬਣੇ ਫਕੀਰ ਰਾਮ ਜੀ ਜਬ ਹੀ ਬਨ ਮੇਂ ਅਲਿਫਾ ਤਾਰੀ। ੫੩।

ਗੁਰੂ ਸਾਹਿਬ ਨੇ ਹਡੀ ਚਮੜੀ ਸਿਖ ਸੇ ਤੁਰਤ ਮੰਗਾਈ। ਪਾਣੀ ਉਪਰ ਛਿੜਕ ਦੀਆ ਥਾ ਨਜਰ ਮੇਹਰ ਕੀ ਪਾਈ। ਹੋਏ ਸੁਰਜੀਤ ਰਿਆ ਸੀ ਬਕਟਾ ਤਿਨ ਦੰਗ ਦੇ ਭਾਰਾ। ਹੈਰਤ ਖਾਵੇ ਮਨ ਪਛਤਾਵੇ ਦੇਖਿਆ ਅਜਬ ਨਜ਼ਾਰਾ। ੫੪।

ਔਰੰਗ ਗੁਰ ਕੀ ਚਰਨੀ ਪੜਿਆ ਮਾਫ਼ੀ ਗੁਰ ਸੇ ਮਾਂਗੇ। ਸ਼ਰਾ ਬਧਾ ਮੈਂ ਲੋਕ ਸਤਾਵੇਂ ਮਾਨਤ ਨਾ ਅਲਫੰਗੇ। ਕਾਜ਼ੀ ਮੁਲਾਂ ਔਰ ਖਵਾਜੇ ਸਈਯਦ ਪੀਰ ਫਕੀਰਾ। ਜਿਨ ਕੇ ਦਿਲ ਮੇਂ ਦਵੈਤ ਬਸ ਗਈ ਮੁਆਫ ਨਾ ਹੋ ਤਕਸੀਰਾ। ੫੫।

ਦੇਖ ਹੈਰਾਨ ਭਯਾ ਦਿਲ ਮੇਰਾ ਤਿਨ ਟਗਰੀ ਕਿਤੁੰ ਹੋਈ। ਚੋਥੀ ਟਗਰੀ ਕਹਾਂ ਗਈ ਗੁਰ ਬਾਤ ਨਾ ਰਾਖੋ ਗੋਈ।

Digitized by Panjab Digital Library | www.panjabdigilib.org

ਗੁਰੂ ਬਿਹੰਸ ਕਹੀ ਮੁਖ ਬਾਣੀ ਸੁਣੋ ਖੁਦਾ ਕੇ ਪਿਆਰੇ। ਜੇ ਕਰ ਟਗਰੀ ਜੁੜੇ ਨਾ ਤੇਥੋਂ ਜੀਵਤ ਜੀਵ ਕਿਉਂ ਮਾਰੇ। ੫੬।

ਕਾਜ਼ੀ ਖੁਦਾ ਬਖਸ਼ ਹਥ ਜੋੜੇ ਖੜਾ ਗੁਰੂ ਕੇ ਸੌਂਹੇ। ਜੀਵਤ ਮਰੇ ਮਰੇ ਫੁਨ ਜੀਵੇ ਖੋਲਨ ਮੀਚਨ ਭੌਹੇ। ਮੈਂ ਹਾਂ ਬੰਦਾ ਗੁਰੂ ਜੀ ਤੇਰਾ ਮਾਫ ਕਰੋ ਤਕਸੀਰਾਂ। ਮੀਰਨ ਕੇ ਸਿਰ ਮੈਂ ਤੂੰ ਮੀਰਨ ਸਿਰ ਪੀਰਾ। ੫੭।

ਕੁਰਸੀ ਨਾਮਾਂ ਜੋਕਰ ਕੋਈ ਪੜੇ ਪ੍ਰੇਮ ਕੋ ਲਾਵੇ। ਤਾਪ ਪਾਪ ਤੇ ਬਚ ਕਰ ਸੋਈ ਵਿਚ ਬੈਕੁੰਠ ਸਿਧਾਵੇ। ਉਠ ਅਸ਼ਨਾਨ ਕਰੇ ਪਰਭਾਤੇ ਕੁਰਸੀ ਨਾਮਾਂ ਗਾਵੇ। ਧਰਮ ਅਰਥ ਔਰ ਕਾਮ ਮੋਖ ਕੇ ਚਾਰ ਪਦਾਰਥ ਪਾਵੇ। ੫੮।

† ਸੰਪੂਰਣੰ †



Digitized by Panjab Digital Library | www.panjabdigilib.org

✦‡ ਆਰਤੀ ਸ੍ਰੀ ਗੁਰੂ ਰਾਮ ਰਾਇ ਜੀ ਕੀ ‡✦

ਸ੍ਰੀ ਗੁਰੂ ਰਾਮ ਰਾਇ ਭਯੋ ਨਮੰਃ

ਹੇ ਅਚੁਤ ਹੇ ਪਾਰ ਬ੍ਰਮ ਅਬਨਾਸ਼ੀ ਅਬਨਾਸ਼,
ਰੇ ਪੂਰਨ ਹੇ ਸ੍ਰਬ ਮੈਂ ਦੁਖ ਭੰਜਨ ਦੁਖ ਤਾਸ਼ ।
ਹੇ ਸੰਗੀ ਹੇ ਨ੍ਰਕਾਰ ਹੇ ਨਿਰਗੁਣ ਸਬ ਏਕ,
ਹੇ ਗੋਬਿੰਦ ਹੇ ਗੁਣ ਨਿਧਾਨ ਜਾਕੇ ਸਦਾ ਬਬੇਕ ।
ਹੇ ਅਪਰਮਪਰ ਹਰ ਹਹੇ ਹੈ ਭੀ ਹੋਵਣ ਹਾਰ ,
ਹੇ ਸੰਤਾਂ ਕੇ ਸਦਾ ਸੰਗ ਨਿਰਧਾਰੇ ਆਧਾਰ ।
ਹੇ ਠਾਕੁਰ ਮੈਂ ਦਾਸਰੋ ਮੈਂ ਨਿਰਗੁਨ ਗੁਨ ਨਹੀਂ ਕੋਇ,
ਨਾਨਕ ਦੀਜੈ ਨਾਮ ਦਾਨ ਰਾਖੋ ਹੀਯੇ ਪਰੋਇ ।

❀ ਆਰਤੀ ❀

ਓਮ ਜੈ ਸ਼੍ਰੀ ਚੰਦਰ ਯਤੀ, ਓਮ ਜੈ ਸ਼੍ਰੀ ਚੰਦਰ ਯਤੀ,
ਅਜਰ ਅਮਰ ਅਬਨਾਸ਼ੀ ਯੋਗ ਯੋਗ ਪਤੀ । ਓਮ ਜੈ ਸ਼੍ਰੀ: ॥
ਸੰਤਨ ਪੱਥ ਪਰ ਦਰਸ਼ਨ ਭਗਤ ਸੁਖ ਦਾਤਾ ਸ੍ਵਾਮੀ ੨,
ਅਰਾਮ ਨਿਰਾਮ ਪ੍ਰਚਾਰਕ ੨ ਕਲਮੈਂ ਭਵਤ੍ਰਾਤਾ । ਓਮ ਜੈ: ॥
ਕਰਨ ਕੁੰਡਲ ਗਲ ਤੁੰਬਾ ਸੇਲੀ ਸਾਜੇ ਸ੍ਵਾਮੀ ੨,

Digitized by Panjab Digital Library | www.panjabdigilib.org

ਕਾਮ ਲਿਯਾਕੇ ਸਾਹਿਬ ੨ ਚੱਹੁੰ ਦਿਸ ਕੇ ਰਾਜੇ। ਓਮ ਜੈਃ।
ਅਚਲ ਅਡੋਲ ਸਮਾਧੀ ਪਦਮ ਆਸਨ ਸੋਹਿ ਸ੍ਵਾਮੀ ੨,
ਬਾਲ ਯਤੀ ਬਨਵਾਸੀ ੨ ਦੇਖਤ ਜੱਗ ਮੋਹੇ। ਓਮ ਜੈਃ।
ਕਟ ਕੁਪੀਨ ਤਨ ਭਸਮ ਜਟਾਂ ਮੁਕਟ ਧਾਰੀ ਸ੍ਵਾਮੀ ੨,
ਧਰਮ ਹੇਤ ਜਗ ਪ੍ਰਗਟੇ ਸ੍ਵਾਮੀ ੨ ਸੰਕਰ ਤ੍ਰਿਪੁਰਾਰੀ। ਓਮ ਜੈਃ।
ਬਾਲ ਛਵੀ ਅਤੁ ਸੁੰਦਰ ਨਿਜ ਰਾਜੇ ਸ੍ਵਾਮੀ ੨,
ਭਿਰਕੁਟੀ ਬਿਲਾਸ ਅਤੁ ਸੁੰਦਰ ਸ੍ਵਾਮੀ ੨ ਨਿਸ ਦਿਨ ਮਦ ਮਾਤੇ। ਓਮ:
ਓਦਾਸੀਨ ਆਚਾਰਜ ਕਰਨਾ ਕਰ ਦੇਵਾ ਸ੍ਵਾਮੀ ੨,
ਪ੍ਰੇਮ ਭਗਤ ਵਰ ਦੀਜੇ ਸ੍ਵਾਮੀ ੨ ਔਰ ਸੰਤਨ ਕੀ ਸੇਵਾ। ਓਮਃ
ਮਾਯਾ ਤੀਤ ਗੁਸਾਈਂ ਤਪਸੀ ਨਿਸਕਾਮੀ ਸ੍ਵਾਮੀ ੨,
ਪ੍ਰਸੋਤਮ ਪ੍ਰਮਾਤਮ ਤੁਮ ਅੰਤ੍ਰਜਾਮੀ ਸ੍ਵਾਮੀ ੨। ਓਮ ਜੈਃ
ਰਿਖੀ ਮੁਨੀ ਬ੍ਰਹਮ ਗਿਆਨੀ ਗੁਨ ਗਾਵਤ ਤੇਰੇ ਸਵਾਮੀ ੨,
ਤੁਮ ਸ਼ਰਨਾਗਤ ਰਖਸ਼ਕ ਸਵਾਮੀ ੨ ਤੁਮ ਠਾਕਰ ਮੇਰੇ। ਓਮਃ
ਜੋ ਜਨ ਤੁਮ ਕੋ ਧਿਆਵੇ ਪਾਵੇ ਪ੍ਰਮਗਤੀ ਸਵਾਮੀ ੨,
ਸਾਧ ਸੰਗਤ ਕੋ ਦੀਜੇ ਭਗਤੀ ਸ਼ਮਿਲ ਮਤੀ ੨। ਓਮ ਜੈਃ

ਓਮ ਜੈ ਸ਼੍ਰੀ ਚੰਦਰ ਯਤੀ ੨॥

Digitized by Panjab Digital Library | www.panjabdigilib.org

ਆਠੋ ਜਾਮ ਨਿਸ ਦਿਨ ਬ੍ਰਹਮ ਕੋ ਵਿਚਾਰ ਕਰ,
ਲੋਭ ਮੋਹ ਦੂਰ ਕਰ ਤ੍ਰਿਸ਼ਨਾ ਨਿਵਾਰੀਏ।
ਪਰ ਉਪਕਾਰ ਕਰ ਤੀਰਥੋਂ ਮੇਂ ਮੇਲਾ ਭਰ,
ਰਿਧੀ ਸਿਧੀ ਦਾਨ ਕਰ ਐਸੀ ਬ੍ਰਤੀ ਧਾਰੀਏ।
ਜਹਾਂ ਜਹਾਂ ਜਾਓ ਤਹਾਂ ਜੀਵਨ ਕਲਿਆਣ ਕਰ,
ਪਾਰ ਬ੍ਰਹਮ ਜਾਨ ਕਰ ਦੁਬਿਧਾ ਨਿਵਾਰੀਏ।
ਕਹੇ ਕਵੀ ਸੰਤਰੇਨ ਦੁਊ ਹਾਥ ਜੋੜ ਕਰ,
ਸ੍ਰੀ ਪੰਚ ਪ੍ਰਮੇਸ਼ਰ ਕੋ ਬੰਧਨਾ ਹਮਾਰੀ ਹੈ।

ਸੇਲੀ ਸਰੂਪ ਅਖੰਡ ਬਭੂਤ ਸੋ ਜੋਤ ਜਗਾਓ ਜੰਜੀਰ ਵਿਚਾਰਾ।
ਤਨ ਕੀ ਕਫਨੀ ਗੁਟਕਾ ਮੁਖ ਮੇਂ ਗੁਰ ਗਿਆਨ ਕੋ ਵਾਕ ਸਦੀਵ ਵਿਚਾਰਾ।
ਜਗ ਕੀ ਜੁਗਤੀ ਜਿਨ ਜਾਨ ਲਈ ਮਨ ਮਿ੍ਰਗ ਕੋ ਮਾਰ ਮਿਰਗਾਨ ਸਵਾਰਾ।
ਅਬਧੂਤ ਕਹੇ ਨਿਰਵਾਨ ਗੁਰੂ ਸੱਤ ਸੰਜਮ ਸੀਲ ਲੰਗੋਟ ਹਮਾਰਾ।
ਸੰਤ ਸਦਾ ਉਪਦੇਸ਼ ਬਤਾਵਤ ਕੇਸ ਸਬਹੀ ਸਿਰ ਸਵੈਤ ਭਯੇ ਹੈ।
ਤੂ ਮਮਤਾ ਅਜਹੂੰ ਨਹੀਂ ਛਾਡਤ ਮੌਤ ਨੇ ਆਨ ਸੰਦੇਸ਼ ਦੀਓ ਹੈ।
ਆਜ ਕੇ ਕਾਲ ਚਲੇ ਉਠ ਮੂਰਖ ਤੇਰੇ ਹੀ ਦੇਖਤ ਕੇਤੇ ਗਏ ਹੈ।
ਸੁੰਦਰ ਕਿਉਂ ਨਹੀਂ ਰਾਮ ਸੰਭਾਰਤ ਯਾ ਜਗ ਮੇਂ ਥਿਰ ਕੌਣ ਰਹੇ ਹੈ।

ਰਘੂ ਪਤੀ ਰਾਗਵ ਰਾਜਾ ਰਾਮ, ਪਤਿਤ ਪਾਵਨ ਸੀਤਾ ਰਾਮ।

ਪ੍ਰਕਾਸ਼ਕ :—

ਸੰਤ ਕਿਸ਼ਨ ਦਾਸ,
ਦਰਬਾਰ ਗੁਰੂ ਰਾਮ ਰਾਏ ਸਾਹਿਬ,
ਦੇਹਰਾਦੂਨ।

Digitized by Panjab Digital Library | www.panjabdigilib.org

B-1535

Digitized by Panjab Digital Library | www.panjabdigilib.org

ਸੂਚਨਾ

ਸਾਧ ਸੰਗਤ ਸ਼੍ਰੀ ਗੁਰੂ ਰਾਮ ਰਾਇ ਮਹਾਰਾਜ ਜੀ ਸੇ
ਏਹ ਭੀ ਨਿਵੇਦਨ ਹੈ ਕਿ ਸ਼੍ਰੀ ਗੁਰੂ ਮਹਾਰਾਜ ਜੀ
ਕਾ ਜੀਵਨ ਚਰਿਤ੍ਰ ਕਾ ਸੰਗ੍ਰਹ ਇਸ ਸਾਲ
ਪੂਰਾ ਹੋ ਜਾਏਗਾ ਜੋਕਿ ਅਗਲੇ ਸਾਲ
ਮੇਲਾ ਝੰਡਾ ਜੀ ਪਰ ਵਿਤਰਣ
ਕਿਆ ਜਾਵੇਗਾ।

ਬਿਨੀਤ :—

ਕਿਸ਼ਨ ਦਾਸ

ਅਰਜਨ ਪ੍ਰੈਸ, ਦੇਹਰਾਦੂਨ।

Digitized by Panjab Digital Library | www.panjabdigilib.org